# ਫਲੋਰਲੇਅਰ



## ਇਸ ਕਿੱਤੇ ਬਾਰੇ

ਫਲੋਰ ਕਵਰਿੰਗ ਇਨਸਟਾਲਰ, ਜਿਨ੍ਹਾਂ ਨੂੰ ਫਲੋਰਲੇਅਰਜ਼ ਦੇ ਤੌਰ `ਤੇ ਵੀ ਜਾਣਿਆ ਜਾਂਦਾ ਹੈ, ਹਰ ਕਿਸਮ ਦੀ ਫਲੋਰਿੰਗ ਸਾਮੱਗਰੀ ਪਾਉਂਦੇ ਹਨ, ਜਿਸ ਵਿਚ ਕਾਰਪੈਟ, ਸ਼ੀਟ ਵਾਇਨਲ, ਲਿਨੋਲੀਅਮ, ਲਗਜ਼ਰੀ ਵਾਇਨਲ ਟਾਇਲ, ਹਾਰਡਵੁੱਡ, ਲੈਮੀਨੇਟ ਅਤੇ ਇੱਥੋਂ ਤੱਕ ਕਿ ਸਪੋਰਟਸ ਲਈ ਥਾਂਵਾਂ ਵੀ ਸ਼ਾਮਲ ਹਨ। ਫਲੋਰਲੇਅਰਜ਼ ਕਮਰਸ਼ੀਅਲ, ਰਿਹਾਇਸ਼ੀ ਅਤੇ ਸੰਸਥਾਈ ਮਾਹੌਲਾਂ ਵਿਚ ਕੰਮ ਕਰਦੇ ਹਨ ਅਤੇ ਦਫਤਰੀ ਬਿਲਡਿੰਗਾਂ, ਸਕੂਲਾਂ, ਹੋਟਲਾਂ, ਘਰਾਂ ਅਤੇ ਹਸਪਤਾਲਾਂ ਵਰਗੇ ਢਾਂਚਿਆਂ ਵਿਚ ਫਲੋਰ ਕਵਰਿੰਗਜ਼ ਪਾਉਂਦੇ ਹਨ।

"ਮੈਨੂੰ ਚੁਣੌਤੀਆਂ ਅਤੇ ਵੰਨਗੀਆਂ ਪਸੰਦ ਹਨ - ਅਤੇ ਮੈਨੂੰ ਇਹ ਆਪਣੇ ਕੰਮ ਵਿਚ ਲਿਆਉਣਾ ਪਸੰਦ ਹੈ।"

**$20.00-$42.00 /ਪ੍ਰਤੀ ਘੰਟਾ**

ਅਨੁਮਾਨਤ ਵਾਧਾ (ਕਨਸਟਰੱਕਸ਼ਨ ਲੇਬਰ ਫੋਰਸ)
2020 ਦੇ ਮੁਕਾਬਲੇ ਦਹਾਕੇ ਦੌਰਾਨ 10%

*BuildForce Canada*

- ਤੁਹਾਨੂੰ ਰੰਗਾਂ ਅਤੇ ਪੈਟਰਨ ਦੀ ਸੂਝ ਹੈ।
- ਤੁਹਾਡੇ ਕੋਲ ਗਾਹਕਾਂ ਨੂੰ ਸਰਵਿਸ ਦੇਣ ਦੇ ਚੰਗੇ ਹੁਨਰ ਹਨ।
- ਤੁਸੀਂ ਸਰੀਰਕ ਤੌਰ `ਤੇ ਮਜ਼ਬੂਤ ਹੋ।

## ਜ਼ਿੰਮੇਵਾਰੀਆਂ

- ਸਾਮੱਗਰੀ ਦਾ ਅੰਦਾਜ਼ਾ ਲਾਉਣਾ, ਆਊਟ ਲਾਈਨਾਂ ਨੂੰ ਮਿਣਨਾ ਅਤੇ ਨਿਸ਼ਾਨ ਲਾਉਣਾ
- ਬਲੂਪ੍ਰਿੰਟਾਂ ਅਤੇ ਵੇਰਵਿਆਂ ਮੁਤਾਬਕ ਸਾਮੱਗਰੀ ਇਨਸਟਾਲ ਕਰਨਾ
- ਪੈਟਰਨ ਦੀ ਲੇਆਊਟ ਨੂੰ ਸਮਝਣਾ
- ਹੈਂਡ ਅਤੇ ਪੌਵਰ ਟੂਲਜ਼, ਚਿਪਕਣ ਵਾਲੇ ਅਤੇ ਫਾਸਟਨਿੰਗ ਸਿਸਟਮਾਂ ਦੀ ਸੁਰੱਖਿਅਤ ਵਰਤੋਂ ਕਰਨਾ
- ਅੰਡਰਲੇਮੈਂਟ, ਫਲੋਰ ਪੈਚ ਅਤੇ ਸਵੈ-ਪੱਧਰੀ ਹੋਣ ਵਾਲੀ ਸਾਮੱਗਰੀ ਨਾਲ ਸਬਫਲੋਰਜ਼ ਨੂੰ ਤਿਆਰ ਕਰਨਾ
- ਹੇਠਲੀ ਤਹਿ ਦੀਆਂ ਕਮੀਆਂ ਦਾ ਪਤਾ ਲਾਉਣਾ ਅਤੇ ਇਨ੍ਹਾਂ ਦਾ ਹੱਲ ਕਰਨਾ

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

### ਦਾਖਲੇ ਦੀਆਂ ਸ਼ਰਤਾਂ

ਇੰਡਸਟਰੀ ਟਰੇਨਿੰਗ ਅਥਾਰਟੀ (ਆਈ ਟੀ ਏ) ਨਾਲ ਫਲੋਰ ਕਵਰਿੰਗ ਅਪਰੈਂਟਿਸਸ਼ਿਪ ਪ੍ਰੋਗਰਾਮ ਵਿਚ ਰਜਿਸਟਰ ਹੋਵੋ। ਆਈ ਟੀ ਏ ਮੰਗ ਕਰਦੀ ਹੈ ਕਿ ਅਪਰੈਂਟਿਸਜ਼, ਅਪਰੈਂਟਿਸਸ਼ਿਪ ਟਰੇਨਿੰਗ ਦੌਰਾਨ ਕਿਸੇ ਜਰਨੀਪਰਸਨ ਵਲੋਂ ਸਪੌਂਸਰ ਕੀਤੇ ਜਾਣ।

**ਅਪਰੈਂਟਿਸਸ਼ਿਪ ਪ੍ਰੋਗਰਾਮ:**

3 ਸਾਲ ਦੀ ਟਰੇਨਿੰਗ, ਜਿਸ ਵਿਚ 5 ਹਫਤਿਆਂ ਦੀ ਟੈਕਨੀਕਲ ਟਰੇਨਿੰਗ, 4,560 ਘੰਟਿਆਂ ਦੀ ਜੌਬ `ਤੇ ਟਰੇਨਿੰਗ ਅਤੇ ਲੈਵਲ ਦੇ ਇਮਤਿਹਾਨ ਸ਼ਾਮਲ ਹਨ। ਪ੍ਰੋਗਰਾਮ ਦੀ ਕਾਮਯਾਬੀ ਨਾਲ ਸਮਾਪਤੀ ਤੋਂ ਬਾਅਦ ਰੈੱਡ ਸੀਲ ਜਰਨੀਪਰਸਨ ਸਰਟੀਫਿਕੇਟ ਦਿੱਤਾ ਜਾਂਦਾ ਹੈ। ਅਪਰੈਂਟਿਸ ਦੇ ਤੌਰ `ਤੇ, ਤੁਸੀਂ ਸਿੱਖਣ ਵੇਲੇ ਪੈਸੇ ਵੀ ਕਮਾਉਂਦੇ ਹੋ।

### ਮੁੱਖ ਹੁਨਰ ਅਤੇ ਗੁਣ

(ਟੈਕਨੀਕਲ ਟਰੇਨਿੰਗ ਅਤੇ ਜੌਬ ਉੱਪਰ)

- ਗੱਲਬਾਤ, ਪੜ੍ਹਨ ਅਤੇ ਹਿਸਾਬ ਦੇ ਹੁਨਰ ਸਮੱਸਿਆਵਾਂ ਦੇ ਹੱਲ ਕਰਨ ਅਤੇ
- ਪਲੈਨਿੰਗ ਕਰਨ ਦੇ ਹੁਨਰ ਬਲੂਪ੍ਰਿੰਟਸ ਅਤੇ ਯੋਜਨਾਬੱਧ ਡਰਾਇੰਗਜ਼
- ਨੂੰ ਪੜ੍ਹਨ ਦੀ ਸਮਰੱਥਾ ਚੰਗੀ ਸਰੀਰਕ ਤਾਕਤ
- ਲੰਬੇ ਸਮਿਆਂ ਲਈ ਝੁਕਣ, ਸਟਰੈਚ
- ਕਰਨ ਅਤੇ ਗੋਡਿਆਂ ਪਰਨੇ ਬੈਠਣ ਦੀ ਸਮਰੱਥਾ ਸਾਮੱਗਰੀ ਦਾ ਅੰਦਾਜ਼ਾ ਲਾਉਣ ਲਈ
- ਥਾਂਵਾਂ ਦਾ ਅਨੁਮਾਨ ਲਾਉਣ ਦੀ ਸਮਰੱਥਾ

College of the BC Building Trades

## ਕੀ ਤੁਹਾਨੂੰ ਪਤਾ ਸੀ?

ਫਲੋਰਲੇਇੰਗ ਅਕਸਰ ਆਰਕੀਟੈਕਟਾਂ, ਥਾਂਵਾਂ ਦੇ ਮੈਨੇਜਰਾਂ ਜਾਂ ਇਨਟੀਰੀਅਰ ਡਿਜ਼ਾਇਨਰਾਂ ਵਲੋਂ ਦਿੱਤੇ ਜਾਣ ਵਾਲੇ ਵੇਰਵਿਆਂ `ਤੇ ਆਧਾਰਿਤ ਹੁੰਦੀ ਹੈ। ਇਹ ਇਕ ਖਾਸ ਕਿੱਤਾ ਹੈ ਜਿਸ ਵਿਚ ਬਹੁਤ ਸਾਰੇ ਮੌਕੇ ਹਨ।

FLOORLAYERS Training Centre

info@collegeofthebcbt.ca | www.collegeofthebcbt.ca